


# ਸਵਾਗਤ

## Northeast Stoney Crossing Study
## 80 Avenue N.E. ਅਤੇ 64 Avenue N.E.

**calgary.ca/**nestoneycrossing

19-0002887

# ਸਟਡੀ ਦਾ ਪਿਛੋਕੜ

## 80 Avenue N.E.

ਖੇਤਰ ਦੇ ਨਾਲ ਐਮਰਜੈਂਸੀ ਸੇਵਾਵਾਂ, ਟ੍ਰਾਂਜ਼ਿਟ,ਪੈਦਲ ਚੱਲਣ ਵਾਲਿਆਂ ਅਤੇ ਸਾਇਕਲ ਚਲਾਉਣ ਵਾਲਿਆਂ ਦੀ ਕਨੈਕਟਿਵਿਟੀ ਲਈ ਪਹੁੰਚ ਨੂੰ ਅਨੁਕੂਲ ਬਣਾਉਣ ਵਾਸਤੇ ਕਾਉਂਸਲ ਦੁਆਰਾ 80 Avenue N.E. ਤੇ Stoney Trail ਦੇ ਉੱਤੋਂ ਕਰੌਸਿੰਗ ਮਨਜ਼ੂਰ ਕੀਤੀ ਗਈ ਸੀ।

ਕਰੌਸਿੰਗ East Stoney Area Structure Plan (ASP) ਦੀ ਜ਼ਮੀਨ ਦੇ ਵਿਕਾਸ ਨੂੰ ਸਹਾਰਾ ਦਿੰਦੀ ਹੈ ਅਤੇ New Community Growth Strategy ਦੇ ਹਿੱਸੇ ਵਜੋਂ ਕਾਉਂਸਲ ਦੁਆਰਾ ਜੁਲਾਈ 2018 ਵਿੱਚ ਮਨਜ਼ੂਰ ਕੀਤੀ ਗਈ ਸੀ।

2022 ਤੱਕ 80 Avenue N.E. ਤੇ ਇਸ ਬੁਨਿਆਦੀ ਢਾਂਚੇ ਦੇ ਨਿਰਮਾਣ ਵਾਸਤੇ 2019-2022 One Calgary ਬਜਟ ਵਿੱਚ $8.5 ਮਿਲੀਅਨ ਦੀ ਫੰਡਿੰਗ ਵਚਨਬੱਧ ਕੀਤੀ ਗਈ ਸੀ।


## 64 Avenue N.E.

2009 Calgary Transportation Plan ਵਿੱਚ 64 Avenue N.E. ਤੇ Stoney Trail ਨੌਰਥ ਈਸਟ ਦੇ ਉੱਤੋਂ ਇੱਕ ਆਰਟੀਰੀਅਲ ਸੜਕ ਦਿਖਾਈ ਗਈ ਹੈ। ਵਰਤਮਾਨ ਸਮੇਂ ਤੇ ਇਸ ਕਰੌਸਿੰਗ ਦਾ ਨਿਰਮਾਣ ਕਰਨ ਲਈ ਕੋਈ ਫੰਡਿੰਗ ਜਾਂ ਉਸਾਰੀ ਸੰਬੰਧੀ ਸਮੇਂ ਸੀਮਾ ਤਹਿ ਨਹੀਂ ਹੈ।

ਇਹ ਸਟਡੀ 64 Avenue N.E. ਤੇ ਯੋਜਨਾਬੱਧ ਕੀਤੀ ਗਈ ਕਰੌਸਿੰਗ ਦੇ ਡਿਜ਼ਾਇਨ ਅਤੇ ਉਸਾਰੀ ਦੇ ਸਮੇਂ ਤੇ ਵਿਚਾਰ ਕਰੇਗੀ।

## ਆਰਟੀਰੀਅਲ (ਬਹੁਤ ਸਾਰੇ ਰਸਤਿਆਂ ਨੂੰ ਜੋੜਨ ਵਾਲੀ) ਸੜਕ

ਆਰਟੀਰੀਅਲ ਸੜਕਾਂ ਅਨੇਕ ਭਾਈਚਾਰਿਆਂ ਅਤੇ ਮੁੱਖ ਮੰਜ਼ਲਾਂ ਦੇ ਵਿਚਕਾਰ ਜਾਇਜ਼ ਢੰਗ ਨਾਲ ਸਿੱਧਾ ਕਨੈਕਸ਼ਨ ਮੁਹੱਈਆ ਕਰਦੀਆਂ ਹਨ ਅਤੇ ਉਨ੍ਹਾਂ ਤੇ ਪ੍ਰਤੀ ਦਿਨ 10,000 ਅਤੇ 30,000 ਵਾਹਨਾਂ ਦੇ ਵਿਚਕਾਰ ਚਲਦੇ ਹਨ (ਉਦਾਹਰਣ ਲਈ Bow Trail)।





# ਸਟਡੀ ਬਾਰੇ

80 Avenue N.E. ਤੇ Stoney Trail East ਦੇ ਉੱਤੋਂ ਕੇਵਲ ਐਮਰਜੈਂਸੀ, ਟ੍ਰਾਂਜ਼ਿਟ, ਪੈਦਲ ਚੱਲਣ ਵਾਲਿਆਂ ਅਤੇ ਸਾਇਕਲ ਚਲਾਉਣ ਵਾਲਿਆਂ ਵਾਸਤੇ ਪਹੁੰਚ ਲਈ ਕਰੌਸਿੰਗ ਮਨਜ਼ੂਰ ਕੀਤੀ ਗਈ ਹੈ। 2009 ਦੀ Calgary Transportation Plan ਵਿੱਚ ਸੜਕ ਵਰਤਣ ਵਾਲੇ ਸਾਰੇ ਲੋਕਾਂ ਵਾਸਤੇ 64 Avenue N.E. ਤੇ Stoney Trail N.E. ਦੇ ਉੱਤੋਂ ਇੱਕ ਕਰੌਸਿੰਗ ਦੀ ਯੋਜਨਾ ਬਣਾਈ ਗਈ ਸੀ।

ਵਰਤਮਾਨ ਸਮੇਂ ਤੇ City of Calgary 80 Avenue N.E. ਕਰੌਸਿੰਗ ਦੇ ਅੰਤਲੇ ਕਾਰਜ ਅਤੇ ਡਿਜ਼ਾਇਨ ਦਾ ਮੁਲਾਂਕਣ ਕਰ ਰਹੀ ਹੈ ਜਿਸ ਵਿੱਚ ਸ਼ਾਮਲ ਹੈ ਜੇ ਪਹੁੰਚ ਸਾਰੇ ਵਰਤਣ ਵਾਲਿਆਂ ਵਾਸਤੇ ਖੁੱਲੀ ਹੋਵੇਗੀ ਜਾਂ ਜੇ ਪਹੁੰਚ ਕੇਵਲ ਐਮਰਜੈਂਸੀ, ਟ੍ਰਾਂਜ਼ਿਟ, ਪੈਦਲ ਚੱਲਣ ਵਾਲਿਆਂ ਅਤੇ ਸਾਇਕਲ ਚਲਾਉਣ ਵਾਲਿਆਂ ਵਾਸਤੇ ਹੀ ਉਪਲਬਧ ਹੋਵੇਗੀ। ਸਟਡੀ 64 Avenue N.E. ਤੇ ਯੋਜਨਾਬੱਧ ਕੀਤੀ ਗਈ ਕਰੌਸਿੰਗ ਦੇ ਡਿਜ਼ਾਇਨ ਅਤੇ ਉਸਾਰੀ ਦੇ ਸਮੇਂ ਤੇ ਵੀ ਵਿਚਾਰ ਕਰੇਗੀ।

ਇਹ ਕਨੈਕਸ਼ਨ ਲੋਕਾਂ ਲਈ Stoney Trail N.E. ਦੇ ਪੂਰਬ ਵਿੱਚ ਭਵਿੱਖ ਦੇ ਭਾਈਚਾਰੇ ਅਤੇ ਉਸਦੇ ਪੱਛਮ ਵਿੱਚ ਮੌਜੂਦਾ ਰਿਹਾਇਸ਼ੀ ਅਤੇ ਕਾਰੋਬਾਰੀ ਭਾਈਚਾਰਿਆਂ ਦੇ ਵਿਚਕਾਰ ਸਫਰ ਕਰਨ ਨੂੰ ਜ਼ਿਆਦਾ ਆਸਾਨ ਬਣਾਏਗਾ।

ਸਿਫਾਰਸ਼ ਕੀਤੀ ਗਈ ਅੰਤਿਮ ਯੋਜਨਾ ਦੋ Stoney Trail ਕਰੌਸਿੰਗਾਂ ਵਾਸਤੇ ਸਭ ਤੋਂ ਵਧੀਆ ਸੇਧ ਦੀ ਪਛਾਣ ਕਰੇਗੀ, ਪੁਲ ਦੀ ਸਥਾਪਨਾ ਅਤੇ ਵਿਵਹਾਰਕਤਾ ਨਿਰਧਾਰਤ ਕਰੇਗੀ, ਰਾਇਟ-ਆਫ-ਵੇ ਦੀਆਂ ਕੋਈ ਵੀ ਲੋੜਾਂ, ਸੰਪਤੀ ਤੇ ਪ੍ਰਭਾਵਾਂ, ਜਨਤਕ ਅਤੇ ਐਮਰਜੈਂਸੀ ਵਾਹਨਾਂ ਦੀ ਪਹੁੰਚ ਅਤੇ ਖੇਤਰ ਦੇ ਲਈ ਉਸਾਰੀ ਦੇ ਸਮੇਂ ਦੀ ਯੋਜਨਾ ਦੀ ਪਛਾਣ ਕਰੇਗੀ।

19-0002887

Calgary

# ਸਮੇਂ ਸੀਮਾ

## ਫੈਸਲੇ ਦਾ ਮੁਕਾਮ

ਫੰਕਸ਼ਨਲ ਯੋਜਨਾਬੰਦੀ ਅਤੇ ਅਰੰਭਿਕ ਇੰਜੀਨੀਅਰਿੰਗ, ਬਿਓਰੇਵਾਰ ਡਿਜ਼ਾਇਨ ਅਤੇ ਉਸਾਰੀ ਤੱਕ ਵੱਧੋ।

**ਵਿੰਟਰ 2020** | **ਸਪ੍ਰਿੰਗ 2020** | **ਸਮਰ/ਫੌਲ 2020** | **ਵਿੰਟਰ 2021** | **2021**

**ਫੇਜ਼ 1**

A ਪ੍ਰਾਜੈਕਟ ਦੀ ਉਪਲਬਧ ਜਾਣਕਾਰੀ ਇਕੱਠੀ ਕਰਨਾ ਅਤੇ ਉਸਦੀ ਸਮੀਖਿਆ ਕਰਨਾ।

B ਪ੍ਰਾਜੈਕਟ ਦਾ ਪਰਿਚੈ ਦੇਣਾ, ਹਿੱਸੇਦਾਰਾਂ ਅਤੇ ਜਨਤਾ ਦੇ ਨਾਲ ਕਦਰਾਂ ਅਤੇ ਖੇਤਰ ਵਿੱਚ ਕੌਰੀਡੋਰਾਂ ਦੇ ਭਵਿੱਖ ਦੇ ਸੁਪਨੇ ਦੀ ਪੜਤਾਲ ਕਰਨਾ।

C ਤਕਨੀਕੀ ਅਤੇ ਪਿਛੋਕੜ ਸੰਬੰਧੀ ਡਾਟਾ ਦੀ ਪਛਾਣ ਅਤੇ ਵਿਸ਼ਲੇਸ਼ਣ ਕਰਨਾ।

**ਫੇਜ਼ 2**

D ਹਿੱਸੇਦਾਰਾਂ ਅਤੇ ਜਨਤਾ ਦੀ ਫੀਡਬੈਕ ਦੀ ਸਮੀਖਿਆ ਕਰਨਾ।

E ਨੈੱਟਵਰਕ ਦੀਆਂ ਲੋੜਾਂ ਅਤੇ ਕੌਰੀਡੋਰ ਵਿਵਹਾਰਕਤਾ ਦੀ ਸਮੀਖਿਆ ਕਰਨਾ।

F ਧਾਰਣਾਵਾਂ ਦਾ ਵਿਕਾਸ ਅਤੇ ਸਮੀਖਿਆ ਕਰਨਾ।

G ਹਿੱਸੇਦਾਰਾਂ ਅਤੇ ਜਨਤਾ ਦੇ ਨਾਲ ਸੰਭਾਵੀ ਧਾਰਣਾਵਾਂ ਅਤੇ ਮੁਲਾਂਕਣ ਦੇ ਨਤੀਜਿਆਂ ਦੀ ਪੜਤਾਲ ਕਰਨਾ।

H ਹਿੱਸੇਦਾਰਾਂ ਅਤੇ ਜਨਤਾ ਦੀ ਫੀਡਬੈਕ ਦੀ ਸਮੀਖਿਆ ਕਰਨਾ।

I ਹਰੇਕ ਕੌਰੀਡੋਰ ਦੇ ਕਾਰਜ ਦੀ ਸਮੀਖਿਆ ਅਤੇ ਸਿਫਾਰਸ਼ ਕਰਨਾ।

ਵਿਵਹਾਰਕਤਾ ਸਟਡੀ ਦੀ ਰਿਪੋਰਟ (Feasibility Study Report) ਮੁਹੱਈਆ ਕਰਨਾ।

**ਫੇਜ਼ 3**

J ਗ੍ਰੇਡ ਸੈਪਰੇਸ਼ਨ ਅਤੇ ਪਹੁੰਚ ਸੰਬੰਧੀ ਧਾਰਣਾਵਾਂ ਦਾ ਵਿਕਾਸ ਅਤੇ ਮੁਲਾਂਕਣ ਕਰਨਾ।

K ਹਿੱਸੇਦਾਰਾਂ ਅਤੇ ਜਨਤਾ ਦੇ ਨਾਲ ਧਾਰਣਾਵਾਂ ਅਤੇ ਮੁਲਾਂਕਣ ਦੇ ਨਤੀਜਿਆਂ ਦੀ ਪੜਤਾਲ ਕਰਨਾ।

L ਹਿੱਸੇਦਾਰਾਂ ਅਤੇ ਜਨਤਾ ਦੀ ਫੀਡਬੈਕ ਦੀ ਸਮੀਖਿਆ ਕਰਨਾ।

M ਯੋਜਨਾਵਾਂ ਨੂੰ ਅੰਤਮ ਰੂਪ ਦੇਣਾ।

N ਤਰਜੀਹ ਵਾਲੀਆਂ ਯੋਜਨਾਵਾਂ ਹਿੱਸੇਦਾਰਾਂ ਅਤੇ ਜਨਤਾ ਨੂੰ ਪੇਸ਼ ਕਰਨਾ।

O ਫੰਕਸ਼ਨਲ ਪਲੈਨਿੰਗ ਸਟਡੀ ਦੀ ਰਿਪੋਰਟ (Functional Planning Study Report) ਮੁਹੱਈਆ ਕਰਨਾ।


**ਫੇਜ਼ 4**

P ਅੰਤਮ ਸਿਫਾਰਸ਼ ਮਨਜ਼ੂਰੀ ਵਾਸਤੇ ਸਿਟੀ ਕਾਉਂਸਲ ਨੂੰ ਪੇਸ਼ ਕਰਨਾ (ਜੇ ਲੋੜ ਹੋਵੇ ਤਾਂ)।

Q ਅਰੰਭਿਕ, ਬਿਓਰੇਵਾਰ ਡਿਜ਼ਾਇਨ ਅਤੇ ਉਸਾਰੀ ਸ਼ੁਰੂ ਕਰਨਾ।

Calgary

# ਸਟਡੀ ਦਾ ਖੇਤਰ




19-0002887

Calgary ONWARD

# 80 Avenue N.E.

ਖੇਤਰ ਦੇ ਨਾਲ ਐਮਰਜੈਂਸੀ ਸੇਵਾਵਾਂ, ਟ੍ਰਾਂਜ਼ਿਟ,ਪੈਦਲ ਚੱਲਣ ਵਾਲਿਆਂ ਅਤੇ ਸਾਇਕਲ ਚਲਾਉਣ ਵਾਲਿਆਂ ਦੀ ਕਨੈਕਟਿਵਿਟੀ ਲਈ ਪਹੁੰਚ ਨੂੰ ਅਨੁਕੂਲ ਬਣਾਉਣ ਵਾਸਤੇ ਕਾਉਂਸਲ ਦੁਆਰਾ 80 Avenue. N.E. ਤੇ Stoney Trail ਦੇ ਉੱਤੋਂ ਕਰੌਸਿੰਗ ਮਨਜ਼ੂਰ ਕੀਤੀ ਗਈ ਸੀ।

ਕਰੌਸਿੰਗ East Stoney Area Structure Plan (ASP) ਦੀ ਜ਼ਮੀਨ ਦੇ ਵਿਕਾਸ ਨੂੰ ਸਹਾਰਾ ਦਿੰਦੀ ਹੈ ਅਤੇ New Community Growth Strategy ਦੇ ਹਿੱਸੇ ਵਜੋਂ ਕਾਉਂਸਲ ਦੁਆਰਾ ਜੁਲਾਈ 2018 ਵਿੱਚ ਮਨਜ਼ੂਰ ਕੀਤੀ ਗਈ ਸੀ।

ਇਹ ਦੇਖਦੇ ਹੋਏ ਕਿ ਇਹ ਫਲਾਈਓਵਰ ਐਮਰਜੈਂਸੀ, ਟ੍ਰਾਂਜ਼ਿਟ, ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਚਲਾਉਣ ਵਾਲਿਆਂ ਵਾਸਤੇ ਪਹੁੰਚ ਦੇ ਲਈ ਮਨਜ਼ੂਰ ਕੀਤਾ ਗਿਆ ਹੈ, ਵਿਵਹਾਰਕਤਾ ਦੀ ਪੜਤਾਲ ਅਤੇ ਡਿਜ਼ਾਇਨ ਵਿਕਸਤ ਕਰਦੇ ਹੋਏ, **ਉਹ ਕਿਹੜੀਆਂ ਕੁਝ ਮੁੱਖ ਚੀਜ਼ਾਂ ਹਨ ਜਿੰਨਾਂ ਤੇ ਤੁਸੀਂ ਚਾਹੁੰਦੇ ਹੋ ਕਿ ਸਿਟੀ ਵਿਚਾਰ ਕਰੇ?**

## 80 Avenue ਕਨੈਕਸ਼ਨ ਤੇ ਕਾਰ ਰਾਹੀਂ ਪਹੁੰਚ ਹੋਣਾ ਤੁਹਾਡੇ ਲਈ ਕਿੰਨਾ ਮਹੱਤਵਪੂਰਨ ਹੈ?

| ਬਹੁਤ ਮਹੱਤਵਪੂਰਨ | ਥੋੜਾ ਮਹੱਤਵਪੂਰਨ | ਨਿਰਪੱਖ/ ਨਿਸ਼ਚਿਤ ਨਹੀਂ | ਥੋੜਾ ਮਹੱਤਵਹੀਨ | ਬਹੁਤ ਮਹੱਤਵਹੀਨ |
|---|---|---|---|---|
| (ਬਿੰਦੀਆਂ ਲਗਾਓ) | (ਬਿੰਦੀਆਂ ਲਗਾਓ) | (ਬਿੰਦੀਆਂ ਲਗਾਓ) | (ਬਿੰਦੀਆਂ ਲਗਾਓ) | (ਬਿੰਦੀਆਂ ਲਗਾਓ) |

19-0002887

# 80 Avenue N.E.

**ਤੁਸੀਂ ਸਾਰਿਆਂ ਲਈ ਪਹੁੰਚ ਵਾਲੇ ਕੁਨੈਕਸ਼ਨ (ਕਾਰ ਵਰਤਣ ਵਾਲਿਆਂ ਸਮੇਤ) ਕਰਕੇ ਕਿਹੜੇ ਲਾਭ ਦੇਖਦੇ ਹੋ?**

**ਤੁਸੀਂ ਸਾਰਿਆਂ ਲਈ ਪਹੁੰਚ ਵਾਲੇ ਕੁਨੈਕਸ਼ਨ (ਕਾਰ ਵਰਤਣ ਵਾਲਿਆਂ ਸਮੇਤ) ਕਰਕੇ ਕਿਹੜੀਆਂ ਚੁਣੌਤੀਆਂ ਦੇਖਦੇ ਹੋ?**

19-0002887

Calgary

# 64 Avenue N.E.

2009 Calgary Transportation Plan ਵਿੱਚ 64 Avenue N.E. ਤੇ Stoney Trail N.E. ਦੇ ਉੱਤੋਂ ਇੱਕ ਆਰਟੀਰੀਅਲ ਸੜਕ ਦਿਖਾਈ ਗਈ ਹੈ। ਵਰਤਮਾਨ ਸਮੇਂ ਤੇ ਇਸ ਕਰੌਸਿੰਗ ਦਾ ਨਿਰਮਾਣ ਕਰਨ ਲਈ ਕੋਈ ਫੰਡਿੰਗ ਜਾਂ ਉਸਾਰੀ ਸੰਬੰਧੀ ਸਮੇਂ ਸੀਮਾ ਤਹਿ ਨਹੀਂ ਹੈ।

ਇਹ ਸਟਡੀ 64 Avenue N.E. ਤੇ ਯੋਜਨਾਬੱਧ ਕੀਤੀ ਗਈ ਕਰੌਸਿੰਗ ਦੇ ਡਿਜ਼ਾਇਨ ਅਤੇ ਉਸਾਰੀ ਦੇ ਸਮੇਂ ਤੇ ਵਿਚਾਰ ਕਰੇਗੀ।

## ਅਸੀਂ ਭਵਿੱਖ ਦੇ ਇਸ ਕਨੈਕਸ਼ਨ ਦੇ ਨੇੜੇ ਤੁਹਾਡੀਆਂ ਪ੍ਰਾਥਮਿਕਤਾਵਾਂ ਜਾਣਨਾ ਚਾਹਵਾਂਗੇ। ਸਾਨੂੰ ਦੱਸੋ ਕਿ ਤੁਹਾਡੇ ਲਈ ਕੀ ਮਹੱਤਵਪੂਰਨ ਹੈ।

(ਲਾਗੂ ਹੋਣ ਵਾਲੇ ਸਾਰੇ ਖੇਤਰਾਂ ਵਿੱਚ ਇੱਕ 'ਬਿੰਦੀ' ਲਗਾਓ)

| ਕਾਰ ਦੀ ਪਹੁੰਚ | ਸਮਾਨ ਦੀ ਪਹੁੰਚ | ਪੈਦਲ ਚੱਲਣ ਵਾਲਿਆਂ ਦੀ ਪਹੁੰਚ | ਸਟੋਨੀ ਟ੍ਰੇਲ ਤੱਕ ਪਹੁੰਚ | ਸਾਈਕਲ ਲਈ ਸੁਵਿਧਾ |
|---|---|---|---|---|
| | | | | |

| ਪਬਲਿਕ ਟ੍ਰਾਂਜ਼ਿਟ ਕਨੈਕਟਿਵਿਟੀ | ਵਾਹਨਾਂ ਵਿੱਚ ਸਫ਼ਰ ਕਰਨ ਦੇ ਸੁਧਰੇ ਹੋਏ ਸਮੇਂ | ਮਾਰਗ ਦੀ ਕਨੈਕਟਿਵਿਟੀ | ਸੰਪਤੀ ਤੇ ਪ੍ਰਭਾਵਾਂ ਨੂੰ ਘਟਾਉਣਾ | ਭਾਈਚਾਰਿਆਂ ਦੇ ਫੀਚਰਾਂ (ਉਦਾਹਰਣ ਲਈ ਡੌਗ ਪਾਰਕ) ਤੇ ਪ੍ਰਭਾਵ ਨੂੰ ਘਟਾਉਣਾ |
|---|---|---|---|---|
| | | | | |

| ਹੋਰ |
|---|
| |

19-0002887

# 64 Avenue N.E.

## ਤੁਸੀਂ ਭਵਿੱਖ ਦੇ ਇਸ ਕਨੈਕਸ਼ਨ ਕਰਕੇ ਕਿਹੜੇ ਲਾਭ ਦੇਖਦੇ ਹੋ?

## ਤੁਸੀਂ ਭਵਿੱਖ ਦੇ ਇਸ ਕਨੈਕਸ਼ਨ ਕਰਕੇ ਕਿਹੜੀਆਂ ਚੁਣੌਤੀਆ ਦੇਖਦੇ ਹੋ?

19-0002887

Calgary

# ਕੀ Northeast Stoney Crossing Study ਬਾਰੇ ਤੁਹਾਡੀਆਂ ਕੋਈ ਵਾਧੂ ਟਿੱਪਣੀਆਂ ਹਨ?

19-0002887